# ਖੁੱਲ੍ਹੇ ਲੇਖ ਥੀਮਿਕ ਪਾਸਾਰ

ਖੁੱਲ੍ਹੇ ਲੇਖ ਪੁਸਤਕ ਨੂੰ ਪੰਜਾਬੀ ਦਾ ਪ੍ਰਥਮ ਲੇਖ ਸੰਗ੍ਰਹਿ ਹੋਣ ਦਾ ਗੌਰਵ ਪ੍ਰਾਪਤ ਹੈ। ਇਸ ਪੁਸਤਕ ਦਾ ਪ੍ਰਥਮ ਸੰਸਕਰਣ ਲੇਖਕ ਦੇ ਅੰਤਿਮ ਚਲਾਣੇ ਤੋਂ ਡੇਢ - ਦੋ ਵਰ੍ਹੇ ਪਹਿਲਾ ਅਪ੍ਰੈਲ 1929 ਈ. ਵਿਚ ਪ੍ਰਕਾਸ਼ਿਤ ਹੋਇਆ। ਪ੍ਰੋ ਪੂਰਨ ਸਿੰਘ ਪੰਜਾਬੀ ਵਿੱਚ ਲਿਖਣ ਤੋਂ ਪਹਿਲਾਂ ਅੰਗਰੇਜ਼ੀ ਵਿਚ ਲਿਖਿਆ ਕਰਦਾ ਸੀ। ਉਸ ਨੇ ਅੰਗਰੇਜ਼ੀ ਅਤੇ ਭਾਰਤੀ ਸਾਹਿਤ ਦਾ ਡੂੰਘਾ ਮੁਤਾਲਿਆ ਕਰ ਲਿਆ ਸੀ। ਉਸ ਨੂੰ ਬੁੱਧ ਮਤ, ਵੇਦਾਂਤ ਅਤੇ ਸਿੱਖ ਧਰਮ ਦੇ ਧਾਰਮਿਕ ਸੰਕਲਪਾਂ ਬਾਰੇ ਭਰਪੂਰ ਜਾਣਕਾਰੀ ਸੀ। ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੋ ਕੇ ਉਹ ਪੰਜਾਬੀ ਸਾਹਿਤ ਸਿਰਜਣਾ ਵੱਲ ਰੁਚਿਤ ਹੋਇਆ ਹੈ। 'ਖੁੱਲ੍ਹੇ ਲੇਖ' ਉਸਦੀ ਪੰਜਾਬੀ ਵਾਰਤਕ ਦੇ ਖੇਤਰ ਵਿਚ ਇਕ ਵਿਲੱਖਣ ਰਚਨਾ ਹੈ। ਇਨ੍ਹਾਂ ਲੇਖਾਂ ਦੇ ਮਾਧਿਅਮ ਨਾਲ ਉਸਨੇ ਪੰਜਾਬੀ ਸਾਹਿਤ ਵਿਚ ਇਕ ਮਿਆਰ ਸਥਾਪਿਤ ਕਰ ਦਿੱਤਾ।

ਖੁੱਲ੍ਹੇ ਲੇਖ ਦੇ ਪ੍ਰਥਮ ਸੰਸਕਰਣ ਦੀ ਭੂਮਿਕਾ ਵਿੱਚ ਵਿਚ 'ਲੇਖ' ਦੇ ਸਰੂਪ ਨੂੰ ਪਰਿਭਾਸ਼ਿਤ ਕਰਦਾ ਹੋਇਆ। ਪ੍ਰੋ. ਪੂਰਨ ਸਿੰਘ ਲਿਖਦਾ ਹੈ,

> "ਇਹ ਖੁੱਲ੍ਹੇ ਲੇਖ ਆਮ ਲਿਖਾਰੀਆਂ ਦੇ ਪੁਸਤਕੀ ਉੱਪਰ ਪਏ ਕਿਸੀ ਨਕਸ਼ੇ ਤੇ ਨਹੀਂ ਲਿਖੇ ਗਏ। ਕਈ ਕੋਈ ਪੰਛੀ ਆਣ ਫਾਥਕਦਾ ਹੈ ਜਦ ਸੁਹਣੇ ਰੰਗਦਾਰ ਪੰਛੀ ਦੀ ਤਰ੍ਹਾਂ ਆਪ-ਮੁਹਾਰਾ ਕਿਸੇ ਅਦਿਸ਼ਟ ਆਕਾਸ਼ ਵਿਚੋਂ ਆ ਉਤਰਦਾ ਹੈ ਤੇ ਇਸ ਬਖਸ਼ੀ ਗਈ ਦੀ ਕਦਰ ਦੀ ਅਰਜ਼ ਨੂੰ ਵੀ ਤੋੜ ਚੜ੍ਹਦਾ ਹੈ। ਇਨ੍ਹਾਂ ਲੇਖਾਂ ਵਿਚ ਇਸ ਰੁਮਾਂਚਕਤਾ - ਲਿਸ਼ਕ ਦੀ ਕਿਰਨ ਵਿਹਾਰ, ਪਾਠੀ ਵੇਖੇਗੀ ਇਸ ਆਵੇਗੀ।
>
> (ਖੁੱਲ੍ਹੇ ਲੇਖ, ਪੰਨਾ 5)

ਅੰਤਰ ਖੋਜ ਵਿਧਾ ਪੱਖ :- 'ਅਲੋਚਕ ਦੀਆਂ ਪ੍ਰਮੁੱਖ ਖੋਜਾਂ ਦੇ ਵਿਸ਼ੇ ਇਕ ਵਰਗੀਕਰਨ ਵਿਚ ਨਹੀਂ ਬੰਨ੍ਹੇ ਜਾ ਸਕਦੇ। ਖੋਜਕ ਨੇ ਨੈਤਿਕ, ਸਮਾਜਿਕ, ਸੌਂਦਰਯਸ਼ਾਸਤਰਕ, ਕਾਵਿ ਸ਼ਾਸਤਰੀ, ਰਾਜਨੀਤਿਕ, ਮਨੋਵਿਸ਼ਲੇਸ਼ਣਾਤਮਕ ਅਤੇ ਧਾਰਮਿਕ ਚਿੰਤਨ ਵੰਨਗੀਆਂ ਦੇ ਪੱਖਾਂ ਨੂੰ ਆਪਣੀ ਇਸ ਰਚਨਾ ਵਿਚ ਛੋਹਿਆ ਹੈ। ਪਰੰਤੂ ਇਹਨਾਂ ਖੋਜਾਂ ਦੀ ਇਕ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਕੁਝ ਪਰੰਪਰਾਈ ਜਾਂ ਵਿਹਾਰਕ ਸੋਚ ਦੁਆਰਾ ਨਹੀਂ ਰਚੇ ਗਏ ਬਲਕਿ ਖੋਜਕ ਨੇ ਆਪਣੇ ਅਧਿਆਤਮਕ ਅਥਵਾ ਆਲੋਚਨਾਤਮਕ ਚਿੰਤਨ ਦੇ ਮਾਧਿਅਮ ਦੁਆਰਾ ਇਹਨਾਂ ਖੋਜਾਂ ਨੂੰ ਪ੍ਰਕਾਸ਼ਮਾਨ ਕੀਤਾ ਹੈ। ਖੋਜ ਪ੍ਰਮੁੱਖ ਰੂਪ ਵਿਚ ਪ੍ਰਮੁੱਖ ਵਿਸ਼ਿਆਂ ਦਾ ਵਰਗੀਕਰਨ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ:-

(ੳ) ਕਾਵਿ ਸ਼ਾਸਤਰੀ ਖੋਜ : ਕਵਿਤਾ → ਇਹ ਇੱਕ ਕਾਵਿ-ਸ਼ਾਸਤਰੀ ਖੋਜ ਹੈ ਜਿਸ ਵਿਚ ਖੋਜ ਪੂਰਨ ਸਿੰਘ ਨੇ ਕਵਿਤਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਸਪਸ਼ਟ ਕੀਤਾ ਹੈ। ਕਵਿਤਾ ਦੇ ਸਰੂਪ ਬਾਰੇ ਖੋਜਕ ਦੀਆਂ ਧਾਰਨਾਵਾਂ ਰੋਮਾਂਟਿਕ ਹਨ। ਪੂਰਨ ਸਿੰਘ ਅਨੁਸਾਰ ਪ੍ਰੇਮ ਭਾਵਨਾ ਵਿਚੋਂ ਫੁਟਦੀ ਇਕ ਸ਼ਕਤੀ ਹੀ ਕਵਿਤਾ ਸਰੂਪ ਦੇ ਜੋਸ਼ ਪ੍ਰਤੀਕਰਨ ਅਤੇ ਉਸ ਦਾ ਰਸ ਬੋਧ ਹੀ ਕਾਵਿ ਰਚਨ ਹੁੰਦੀ ਹੈ। ਕਵਿਤਾ ਆਪ ਮੁਹਾਰੀ ਹੁੰਦੀ ਹੈ ਅਤੇ ਇਸ ਵਿਚ ਉਹਨੀ ਊਰਜਾ ਹੁੰਦੀ ਹੈ ਕਿ ਪੰਛੀਆਂ ਦੀ ਵੈਸਾ ਰਾਗਾਂ ਦੇ ਫੁੱਲ ਅਤੇ ਰਸ- ਰੱਬੀ ਵਿਅਕਤੀਆਂ ਦੇ ਸਾਹਾਂ ਵਿਚ ਨਵੇਂ ਅਹਿਸਾਸ, ਨਵੇਂ ਸੁਪਨੇ ਪੈਦਾ ਕਰ ਦਿੰਦੀ ਹੈ। ਕਵਿਤਾ ਜੀਵਨ ਰੰਗ ਹੈ ਅਤੇ ਇਸ ਕਾਰਨ ਕਿਸੇ ਨਿਯਮ ਜਾਂ ਸਿੱਧ ਕੇ ਕਵਿਤਾ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਕਈ ਲੋਕ ਛੰਦਾਂ ਬੰਦੀ ਕਾਵਿ ਸਾਧਨਾ ਵਿਚ ਲੀਨ ਹੋਏ ਹੁੰਦੇ ਹਨ ਤਾਂ ਜੋ ਕੇ ਉਹਨਾਂ ਦਾ ਅਨੁਭਵ ਕਾਵਿਕ ਸਿਰਜਣਾ ਦੇ ਯੋਗ ਹੁੰਦਾ ਹੈ। ਖੋਜਕ ਅਨੁਸਾਰ ਇਹ ਕਵਿਤਾ ਪਾਠਕਾਂ ਦੇ ਦਿਲਾਂ ਵਿਚ ਇਕ ਨਵੀਂ ਸੰਦੇਸ਼ ਪੈਦਾ ਕਰਦੀ ਹੈ, ਜਿਸ ਵਿਚ ਸਤ ਚਿਤ ਅਲੌਕਿਕ, ਪਵਿੱਤਰ ਅਤੇ ਰੂਹਾਨੀ ਹੁੰਦਾ ਹੈ।

ਗਾਇ ਦੀ ਉਤਸੁਕਤਾ ਅਤੇ ਮਹਿਮਾ ਦਾ ਪ੍ਰਗਟਾਵਾ ਕਰਦਿਆਂ ਰੋਇਆਂ ਨੂੰ ਪ੍ਰਸ਼ਨ ਚਿੰਨ੍ਹ ਲਿਖਦਾ ਹੈ ਕਿ ਉਹ ਤਾਂ ਗਾਇ, ਸਾਂ ਬੋਲੀ ਵਿੱਚ ਹੀ ਗਾਇਆ ਜਾ ਸਕਦਾ ਹੈ।

ਅ ਵਹੀ ਦਾ ਚਿਨ੍ਹ :→ ਇਸ ਲੇਖ ਵਿੱਚ ਲੇਖਕ ਨੇ ਆਪਣੇ ਪਿਛਲੇ ਲੇਖ ਵਿੱਚ ਪੇਸ਼ ਵਿਚਾਰਾਂ ਨੂੰ ਕੁਝ ਹੋਰ ਵਿਸਤਾਰ ਦਿੱਤਾ ਹੈ। ਇਸ ਅਨੁਸਾਰ ਵਹੀ ਦਾ ਚਿਨ੍ਹ ਕਿ ਪਾਰਦਰਸ਼ੀ ਸ਼ੀਸ਼ੇ ਵਾਂਗ ਹੁੰਦਾ ਹੈ। ਇਸ ਵਿੱਚ ਤਿੰਨ ਕੰਮ ਇੱਕੋ ਸਮੇਂ ਹੁੰਦੇ ਰਹਿੰਦੇ ਹਨ। ਪਹਿਲਾ ਕੰਮ ਇਹ ਕਿ ਜਿਹੜੇ ਅਕਸ ਇਸ ਉੱਤੇ ਪੈਂਦੇ ਹਨ, ਉਹ ਸਜੀਵ ਚਿੱਤਰਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਦੂਸਰਾ ਕੰਮ ਇਹ ਕਿ ਵਹੀ ਦਾ ਚਿਨ੍ਹ (ਚਿੱਤ) ਆਪਣੇ ਉਪਰ ਪੈਣ ਵਾਲੇ ਅਕਸਾਂ ਦੀ ਚੋਣ ਕਰਦਾ ਹੈ। ਉਹ ਹਰ ਅਕਸ ਨੂੰ ਕਲਾ ਕ੍ਰਿਤੀ ਵਿੱਚ ਰੂਪਾਂਤਰਿਤ ਨਹੀਂ ਕਰਦਾ। ਬਲਕਿ ਆਪਣੇ ਵਿਵੇਕ ਨਾਲ ਵਸਤੂ ਸਾਮਗਰੀ ਦੀ ਚੋਣ ਕਰਦਾ ਹੈ। ਜਿਸਦੇ ਉਹ ਚੁਣੀ ਗਈ ਵਸਤੂ ਸਾਮਗਰੀ ਨੂੰ ਸੰਚਾਰਨ-ਵਿਧਾਨ ਦੀ ਸ਼ਕਤੀ ਨਾਲ ਭਰਪੂਰ ਹੁੰਦਾ ਹੈ।

ਪ੍ਰਸ਼ਨ ਚਿੰਨ੍ਹ ਅਨੁਸਾਰ ਗਾਇ-ਕਰਮ ਇੱਕ ਰੂਹਾਨੀ ਕਰਮ ਹੈ। ਇੱਕ ਵਹੀ ਲਿਖਤਰ ਸੌਖਾ ਮੰਨਿਆ ਗਿਆ ਹੈ ਪਰ ਇਸਦੀ ਸੌਖਿਆਈ ਉਦੇਸ਼ਮਈ ਜਾਂ ਸਕਾਰਾਤਮਕ ਨਹੀਂ ਹੁੰਦੀ ਬਲਕਿ ਹਰ ਕੰਮ ਕਰਨ ਦੇ ਨਾਲ-ਨਾਲ ਆਪਣੀ ਗਾਇ ਚੇਤਨਾ ਨੂੰ ਵੀ ਸੌਖਿਆਂ ਰੱਖਦਾ ਹੈ। ਇਹ ਅਵਸਥਾ ਉਸਨੂੰ ਸਹਿਜ ਸੁਭਾਵਿਕ ਰੂਪ ਵਿੱਚ ਪ੍ਰਾਪਤ ਹੁੰਦੀ ਹੈ ਲੇਖਕ ਅਨੁਸਾਰ:

"ਵਹੀ ਇੱਕ ਚਿੰਨ੍ਹ ਹੈ ਜੋ ਕੰਮ ਕਰਦਿਆਂ ਹੀ ਆਉਂਦਾ ਵਹੀ ਚਿੱਤ ਦੀ ਨਿਸ਼ਚਲਤਾ ਅਤੇ ਅਸੰਗਤਾ ਇੱਕ ਆਪੁਸਹਜੀ ਸਹਿਜ ਸੁਭਾਅ ਜੀਵਨ ਅਵਸਥਾ ਹੈ। ਜਿਹੜੀ ਉਸਨੂੰ ਕਿਸੇ ਸਾਧਨ ਨਾਲ ਨਹੀਂ, ਆਪੁਸਹਜੀ ਪ੍ਰਾਪਤ ਹੈ। ਇਹ ਬੜੀ ਵਿਰਲੀ ਤੇ ਅਸਫਲ ਜੀਵਨ ਅਵਸਥਾ ਹੈ ਜਿਹੜੀ ਕਿਸੇ-

ਜਿਸੇ ਨੂੰ ਪ੍ਰਾਪਤ ਹੋਈ ਹੈ ਅਤੇ ਇਸੇ ਕਰਕੇ ਕਈ ਵਿਸ਼ਾ ਵਿਸ਼ਾ ਵਿਸ਼ਾ, ਕੋਈ-ਕੋਈ ਅਤੇ ਕਈ-ਕਈ ਹੋਇਆ ਹੈ।

੨ ਪ੍ਰੇਮ :- ਪ੍ਰੋ. ਪੂਰਨ ਸਿੰਘ ਦੇ ਵਿਸ਼ਿਆਂ ਪ੍ਰੇਮਾਂ ਦਾ ਇਕ ਹੋਰ ਵਿਸ਼ਾ ਪ੍ਰੇਮ ਹੈ। ਉਹ ਪ੍ਰੇਮ ਨੂੰ ਨਾ ਕੇਵਲ ਮਨੁੱਖੀ ਜੀਵਨ ਦਾ ਸਗੋਂ ਸ੍ਰਿਸ਼ਟੀ ਦਾ ਆਧਾਰ ਮੰਨਦਾ ਹੈ ਬਲਕਿ ਉਸਦਾ ਵਿਸ਼ਵਾਸ ਹੈ ਕਿ ਇਹ ਭਾਵ ਮਾਨਵੀ ਜੀਵਨ ਦੀ ਕਸੌਟੀ ਹੈ। ਇਸ ਵਿਸ਼ੇ ਨਾਲ ਸੰਬੰਧਿਤ ਆਪਣੇ ਇਕ ਲੇਖ 'ਪਿਆਰ' ਵਿਚ ਉਹ ਲਿਖਦਾ ਹੈ ਕਿ ਪਿਆਰ ਉੱਚੀ ਅਤੇ ਇਲਾਹੀ ਮਨੁੱਖਤਾ ਦੀ ਇਕ ਸਹਿਜ ਸੁਤਾ ਪ੍ਰਾਪਤੀ ਹੈ। ਜਦੋਂ ਕਿਸੇ ਵਿਅਕਤੀ ਦੇ ਮਨ ਵਿੱਚ ਪਿਆਰ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ ਤਾਂ ਉਸ ਨੂੰ ਦੁਨੀਆ ਦਾ ਕੋਈ ਵੀ ਪੰਛੀ, ਜਾਨਵਰ ਜਾਂ ਵਿਅਕਤੀ ਕਰੂਪ ਪ੍ਰਤੀਤ ਨਹੀਂ ਹੁੰਦਾ। ਉਸ ਨੂੰ ਸਾਰਾ ਜਗਤ ਖੂਬਸੂਰਤ ਲੱਗਦਾ ਹੈ ਅਤੇ ਉਹ ਸਾਰੇ ਜਗਤ ਨੂੰ ਸਮੁੱਚੇ ਰੂਪ ਵਿਚ ਪ੍ਰੇਮ ਕਰਨ ਲੱਗਦਾ ਹੈ।

ਪ੍ਰੇਮ ਦੇ ਮਹੱਤਵ ਨੂੰ ਬਿਆਨ ਕਰਦੇ ਹੋਇਆ ਪੂਰਨ ਸਿੰਘ ਲਿਖਦਾ ਹੈ ਕਿ ਪ੍ਰੇਮ ਭਾਵ ਵਿਅਕਤੀ ਦੇ ਮਨ ਵਿਚੋਂ ਕਾਮ, ਕ੍ਰੋਧ ਆਦਿਕ ਵਿਕਾਰਾਂ ਦਾ ਵਿਨਾਸ਼ ਕਰ ਦਿੰਦਾ ਹੈ। ਪ੍ਰੇਮ ਕਰਨ ਵਾਲੇ ਵਿਅਕਤੀ ਦੇ ਅੰਗ ਸੰਗੀਤਮਈ ਹੋ ਜਾਂਦੇ ਹਨ। ਪ੍ਰੋ. ਪੂਰਨ ਸਿੰਘ ਅਨੁਸਾਰ ਪ੍ਰੇਮ ਦੇ ਆਸਰੇ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਸੰਗ ਵਿਚ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਨੂੰ ਉਧ੍ਰਿਤ ਕਰਦਾ ਹੈ:

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨ ਹੀ ਪ੍ਰਭੁ ਪਾਇਓ।

ਲੇਖਕ ਇਸੇ ਪ੍ਰੇਮ ਦਾ ਇਕ ਹੋਰ ਪਾਸਾਰ ਦੇਸ਼ ਪ੍ਰੇਮ ਵਿਚ ਵੇਖਦਾ ਹੈ। ਆਪਣੇ ਇਕ ਲੇਖ ਵਤਨ ਦਾ ਪਿਆਰ ਵਿਚ ਉਹ ਇਕ ਵਾਰ ਫੇਰ ਪ੍ਰੇਮ ਦੇ ਸਮਾਜਕ ਸੰਦਰਭ ਨੂੰ ਸੰਕੇਤ ਕਰਦਾ ਹੈ।

ਪ੍ਰੰਤੂ ਸਿੰਘ ਅਨੁਸਾਰ ਕੋਈ ਵਿਅਕਤੀ ਜਿੰਨੀ ਦੇਰ ਆਪਣੇ ਵਤਨ ਨੂੰ ਪਿਆਰ ਨਹੀਂ ਕਰ ਸਕਦਾ ਜਿੰਨੀ ਦੇਰ ਤੱਕ ਉਹ ਆਪਣੇ ਪਰਿਵਾਰ ਨੂੰ ਪਿਆਰ ਨਹੀਂ ਕਰਦਾ।

3) ਧਰਮ ਅਤੇ ਨੈਤਿਕਤਾ :- 'ਖੰਡੇ ਧਾਰ' ਵਿਚ ਜੀਰੋ ਨਲੇ ਦੇਖਾ ਦਾ ਇਕ ਹੋਰ ਵਿਸ਼ਾ ਧਰਮ ਅਤੇ ਨੈਤਿਕਤਾ ਦੀ ਵਿਆਖਿਆ ਕਰਨ ਨਾਲ ਸੰਬੰਧਿਤ ਹੈ। ਲੇਖਕ ਅਨੁਸਾਰ 'ਸਚਾਈ' (ਧਰਮ) ਸਤ ਤੇ ਇਨਸਾਨੀਅਤ ਜੀਵਨ ਅਤੇ ਪ੍ਰਾਣੀ ਪਿਆਰ ਹੈ। ਪਰ ਜੇਕਰ ਕੋਈ ਧਰਮ ਦੇ ਅਸੂਲਾਂ ਤਾਈਂ ਬਾਰੇ ਕੋਈ ਕੰਮ ਨਹੀਂ ਹੁੰਦਾ ਤਾਂ ਅਜਿਹੇ ਧਰਮ ਦਾ ਪਾਖੰਡ ਛੱਡ ਦੇਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਸਮੂਹ ਭਾਰਤਵਰਸ਼ ਅਤੇ ਗੁਆਂਢੀ ਦੇਸਾਂ ਦੀ ਆਂ ਯਾਤਰਾਵਾਂ ਕੀਤੀਆਂ ਧਰਮ ਉਨ੍ਹਾਂ ਨੂੰ ਵਾਸਤਵਿਕ ਰੂਪ ਵਿਚ ਇਕ ਵੀ ਧਾਰਮਿਕ ਵਿਅਕਤੀ ਨਾ ਮਿਲਿਆ। ਆਪ ਨੇ ਸਮਝਾਇਆ ਕਿ ਧਰਮ ਇਹ ਨਹੀਂ ਹੈ ਜਿਸ ਦੁਆਰਾ ਅਸੀਂ ਕਿਸੇ ਦੂਸਰੇ ਨਾਲ ਧੋਖਾ ਕਰ ਸਕੀਏ। ਧਰਮ ਦਾ ਅਰਥ ਅਕਾਲ ਪੁਰਖ ਹੈ। ਜਦ ਵਿਅਕਤੀ ਕਪਟ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸ ਨੂੰ ਸਹੀ ਸਮਾਜਿਕ ਰੂਪ ਵਿਚ ਹੀ ਧਰਮ ਦੀ ਪ੍ਰਾਪਤੀ ਹੋ ਜਾਂਦੀ ਹੈ। ਧਰਮ ਦੀ ਇਕ ਸ਼ਰਤ ਹੈ, ਸਿਦਕ ਪਾਲਣ ਕਰਨਾ। ਜਿੰਨਾ ਚਿਰ ਦੁਨਿਆਵੀ ਲੋਭ ਦਾ ਨਾਸ਼ ਨਹੀਂ ਹੁੰਦਾ, ਕਾਮ, ਲੋਭ ਅਤੇ ਸੋਮੇ ਖਤਮ ਨਹੀਂ ਹੁੰਦੇ, ਉਨੀ ਦੇਰ ਤੱਕ ਸਿਦਕ ਪੈਦਾ ਨਹੀਂ ਹੁੰਦਾ ਅਤੇ ਸਿਦਕ ਤੋਂ ਬਿਨਾ ਕੋਈ ਵਿਅਕਤੀ ਧਰਮ ਪਾਲਨ ਨਹੀਂ ਕਰ ਸਕਦਾ। ਪ੍ਰੰਤੂ ਸਿੰਘ ਉਨ੍ਹਾਂ-ਉਨ੍ਹਾਂ ਧਰਮਾਂ ਵਿਚ ਕੋਈ ਫ਼ਰਕ ਨਹੀਂ ਕਰਦਾ। ਇਸ ਸਭ ਸਾਰੇ ਧਰਮ ਇਕੋ ਜਿਹੇ ਹੀ ਸਨ ਅਤੇ ਕਲਿਆਣਕਾਰੀ ਹਨ। ਇਸ ਪ੍ਰਸੰਗ ਵਿਚ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਬਾਣੀ ਵਿਚੋਂ ਹਵਾਲਾ ਦਿੰਦਾ ਹੋਇਆ ਸਮਝਾਉਂਦਾ ਹੈ:

ਦੇਵ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥

ਨੈਤਿਕਤਾ ਬਾਰੇ ਜਾਣਕਾਰੀ ਦੇਣ ਵਾਲੀ ਉਸਦੀ ਇਕ ਪ੍ਰਤੀਨਿਧ ਰਚਨਾ 'ਨਿਮਰਤਾ ਤੇ ਮਿੱਠਾ ਬੋਲਣਾ' ਹੈ। ਇਸ ਲੇਖ ਵਿੱਚ ਉਹ ਮਿੱਠਾ ਬੋਲਣ ਦੇ ਮਹੱਤਵ ਨੂੰ ਪ੍ਰਗਟ ਕਰਦਾ ਹੈ। ਉਸ ਅਨੁਸਾਰ ਜਿਸ ਵਿਅਕਤੀ ਦੀ ਅੰਤਰ ਆਤਮਾ ਚੰਗੇ ਗੁਣਾਂ ਨਾਲ ਭਰਪੂਰ ਹੈ; ਉਹ ਕਦੇ ਫਿੱਕਾ ਨਹੀਂ ਬੋਲਦਾ। ਉਸਦਾ ਹਰ ਸ਼ਬਦ ਪ੍ਰੇਮ ਦੀ ਮਿਠਾਸ ਨਾਲ ਭਰਪੂਰ ਅਤੇ ਪ੍ਰਭਾਵਸ਼ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਫਿੱਕਾ ਬੋਲਣ ਤੋਂ ਵਰਜਦੇ ਫੁਰਮਾਉਂਦੇ ਹਨ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥

4) ਮਨੋਵਿਗਿਆਨਕ ਲੇਖ :- ਪ੍ਰੋ. ਪੂਰਨ ਸਿੰਘ ਨੇ ਕਈ ਮਨੋਵਿਗਿਆਨਕ ਵਿਸ਼ਿਆਂ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਕ ਲੇਖ 'ਆਪਣੇ ਮਨ ਨਾਲ ਗੱਲਾਂ' ਵਿਚ ਉਸਨੇ ਉਤਸੁਕਤਾ ਵਿਧੀ ਨਾਲ ਆਪਣੇ ਮਨ ਨੂੰ ਟੋਹਿਆ ਅਤੇ ਸਮਝਾਇਆ ਹੈ। ਲੇਖਕ ਅਨੁਸਾਰ ਮਨ ਪਿੱਛੇ ਲੱਗ ਕੇ ਬਾਬਾ ਆਦਮ ਅਤੇ ਮਾਈ ਹਵਾ ਨੂੰ ਸੁਰਗ ਵਿਚੋਂ ਨਿਕਲਣਾ ਪਿਆ ਸੀ। ਮਨ ਵਿਅਕਤੀ ਨੂੰ ਭਰਮਾ ਕੇ ਮਾਇਆ ਦੇ ਪਿੱਛੇ ਨੱਠਣ ਲਈ ਮਜਬੂਰ ਕਰ ਦਿੰਦਾ ਹੈ। ਪੂਰਨ ਸਿੰਘ ਅਨੁਸਾਰ ਜਿਵੇਂ ਜਿਵੇਂ ਮਨੁੱਖ ਬੁੱਢਾ ਹੁੰਦਾ ਜਾਂਦਾ ਹੈ; ਉਸ ਦੀਆਂ ਲਾਲਸਾਵਾਂ, ਲੋਭ ਅਤੇ ਮਾਇਆ ਪ੍ਰਤੀ ਆਕਰਸ਼ਣ ਆਦਿਕ ਬਿਰਤੀਆਂ ਤੀਬਰ ਹੁੰਦੀਆਂ ਜਾਂਦੀਆਂ ਹਨ। ਇਸ ਲੇਖ ਵਿੱਚ ਰਸ ਭਰਪੂਰ ਢੰਗ ਨਾਲ ਮਨ ਨੂੰ ਸਾਧਣ ਅਤੇ ਨਿਯੰਤਰਿਤ ਕਰਨ ਦਾ ਸੁਝਾਓ ਦਿੱਤਾ ਗਿਆ ਹੈ।

'ਮਿੱਤਰਤਾ' ਵੀ ਮਨੋਵਿਗਿਆਨਕ ਜ਼ਿੰਦਗੀ ਦਾ ਇਕ ਰੰਗ ਲੇਖ ਹੈ। ਲੇਖਕ 'ਮਿੱਤਰਤਾ' ਨੂੰ ਮਾਨਵੀ ਜੀਵਨ ਦੀ ਉਪਲਬਧੀ ਮੰਨਦਾ ਹੈ। ਉਸ ਅਨੁਸਾਰ 'ਧਿਨਾਂ ਮਿੱਤਰਤਾ, ਜੀਵਨ ਇਕ ਆਪ ਧਾਈ ਨਰੋਏ ਅਤੇ ਅਕਲ ਇਕ ਤਰ੍ਹਾਂ ਦੇ ਨਰਕ ਦਾ ਅੰਤ ਹੈ। ਦੋਸਤੀ ਦੀ ਇਕ

ਕਵਿਤਾ ਦਾ ਨਮੂਨਾ ਦਿੱਤਾ ਗਇਆ ਇਉਂ ਲਿਖਦਾ ਹੈ:

ਆ ਜਿੰਦੇ ਅਸੀਂ ਰਲ ਮਿਲ ਖੇਡੀਏ,
ਵੇਖੀ ਨਾ ਵੇਖਾ ਜੀਹ।
ਅਸਮਾਨੇ ਤੇ ਦਰਿਆ ਮਿਲ ਖੇਡਦੇ,
ਨਦੀਆਂ ਨਾਲ ਸਮੁੰਦਰ।
ਚੋਏ ਨਦਾਵਾਂ ਰਲ ਮਿਲ ਕੁੱਲਣ
ਮਿੱਠੀ ਪ੍ਰੀਤ ਸਤ ਪਾਏ
ਆ ਜਿੰਦੇ ਅਸੀਂ ਰਲ ਮਿਲ ਖੇਡੀਏ
ਵੇਖੀ ਨਾ ਵੇਖਾ ਜੀਹ।

ਮਿਤਰਤਾ ਦੇ ਅਹਿਸਾਸ ਨੂੰ ਸੁਸ਼ੋਭਿਤ ਕਰਦੀ ਪੂਰਨ ਸਿੰਘ ਜੋਗੀ ਤੇ ਪਾਂਦਿਆਂ, ਕੋਇਲ ਤੇ ਕਾਂ, ਮਾਂ ਤੇ ਪੁੱਤਰ ਦੇ ਪਰਸਪਰ ਪ੍ਰੇਮ ਦਾ ਨਮੂਨਾ ਦਿੱਤਾ ਹੈ। ਲੇਖਕ ਅਨੁਸਾਰ ਮਿੱਤਰ ਦੇ ਦਿਲ ਸਾਫ਼ ਹੁੰਦੇ ਹਨ। ਆਪਸ ਵਿਚ ਕੋਈ ਵਿੱਥ, ਭੇਤ, ਛੁਪਾ ਲੁਕਾ ਨਹੀਂ ਹੁੰਦਾ।

5 ਆਲੋਚਨਾ ਅਤੇ ਰਚਨਾ :- ਪ੍ਰੋ. ਪੂਰਨ ਸਿੰਘ ਦੇ ਰਚੇ ਲੇਖਾਂ ਵਿਚ ਉਸ ਦੀ ਆਲੋਚਨਾਤਮਕ ਪ੍ਰਤਿਭਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਕੁਦਰਤੀ ਕਵੀ, ਅਤੇ ਸਾਹਿਤ ਦਾ ਇਕ ਰਸੀਆ ਅਤੇ ਮੌਲਿਕ ਸਮੀਖਿਅਕ ਸੀ। 'The Spirit of Oriental Poetry' ਉਸਦੀਆਂ ਮੌਲਿਕ ਸਥਾਪਨਾਵਾਂ ਦਾ ਪ੍ਰਮਾਣ ਹੈ। ਉਹ ਯਥਾਰਥਵਾਦੀ ਕਹੇ ਜਾਣ ਵਾਲੇ ਦੁਨਿਆਵੀ ਸਾਹਿਤ ਨੂੰ ਨਿਗਰ ਦ੍ਰਿਸ਼ਟੀ ਦਾ ਸਾਹਿਤ ਮੰਨਦਾ ਹੈ। ਉਸ ਦੀ ਧਾਰਨਾ ਹੈ ਕਿ ਅਧਿਆਤਮਵਾਦੀ ਸਾਹਿਤ ਹੀ ਉੱਤਮ ਅਤੇ ਸਦੀਵੀ ਹੁੰਦਾ ਹੈ। ਪੰਜਾਬੀ ਸਾਹਿਤ ਪਰ ਕਟਾਖਸ਼ ਵਿਚ ਉਹ ਪੰਜਾਬੀ ਦਸਤੂਰ ਦੀ ਇਕ ਪ੍ਰਮੁੱਖ ਵੰਨਗੀ 'ਪੂਰਨਮਾਸ਼ੀ' ਨਾਲ ਜਾਣ ਪਹਿਚਾਣ ਕਰਵਾਇਆ ਹੈ। ਇਸ ਦੇ ਸ਼ਿਲਪ ਅਤੇ ਸ਼ੈਲੀ ਬਾਰੇ ਚਰਚਾ ਕਰਦਾ ਹੋਇਆ ਉਹ

ਭਾਰਤ ਸਾਹਿਤ ਦੀਆਂ ਮੂਲ ਸਥਾਪਨਾਵਾਂ ਵੱਲ ਵੀ ਸੰਕੇਤ ਕਰ ਜਾਂਦਾ ਹੈ ਦੇਖੋ :

> "ਨਸਰ ਲਿਖਣੀ ਕਿੰਨੀ ਮੁਸ਼ਕਲ ਹੈ! ਨਜ਼ਮ ਵਿਚ ਤਾਂ ਤਰਬੀਦੀ ਜਾਂ ਰਾਗ-ਅਲਾਪ ਨਾਲ ਮਾਮੂਲੀ ਖ਼ਿਆਲ ਵੀ ਪਰ ਲਾ ਕੇ ਉਡ ਪੈਂਦੇ ਜੁੜੇ ਸੰਗੀਤ ਕਰਨੀ ਦੀ ਵਾਂਗ ਲਫ਼ਜ਼ਾਂ ਨੂੰ ਹੇਰ-ਫੇਰ ਨਾਲ ਜੋੜਨ ਵਾਲੇ ਵੀ ਕਵੀ ਬਣ ਸਕਦੇ ਹਨ ਪਰ ਨਸਰ ਲਿਖਣੀ ਔਖਨ ਹੈ ਕਿਉਂਕਿ ਇਥੇ ਰਾਗ ਤੇ ਦਿਮਾਗ ਦੀ ਨੰਗੀ ਅਦੀਬ ਪਛਾਣੀ ਹੁੰਦੀ। (ਪੰਨਾ 114)

ਇਸ ਜਨਮਸਾਖੀ ਦੀ ਸ਼ੈਲੀ ਬਾਰੇ ਚਰਚਾ ਕਰਦਾ ਹੋਇਆ ਪੂਰਨ ਸਿੰਘ ਲਿਖਦਾ ਹੈ ਕਿ ਇਹ ਸ਼ੈਲੀ ਅਦੁ ਪਰਤ ਭਾਵਕਤਾ, ਮਿੱਠੀ, ਸਰਲ ਅਤੇ ਲੋਕਬਯਾਨ ਹੈ। ਉਸ ਅਨੁਸਾਰ ਜਨਮਸਾਖੀ ਇੱਕ ਅਜਿਹਾ ਸਾਹਿਤ ਹੈ, ਜਿਹੜਾ ਜੀਵਨ ਨੂੰ ਪ੍ਰਤੀਕ ਰੂਪ ਵਿਚ ਸਮਾਈ ਹੋਇਆ ਹੈ।

ਕਿਸੇ ਭਾਸ਼ਾ ਵਿਚ ਸਾਹਿਤ ਦੇ ਵਿਕਾਸ ਸੰਬੰਧੀ ਆਪਣੀ ਵਿਲੱਖਣ ਧਾਰਨਾ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਸਾਹਿਤ ਪੁਸਤਕਾਂ ਲਿਖਣ ਨਾਲ ਨਹੀਂ ਬਣਦੇ, ਨਾ ਇਹ ਦੂਜੀਆਂ ਬੋਲੀਆਂ ਦੀਆਂ ਪ੍ਰਮੁੱਖ ਰਚਨਾਵਾਂ ਦੇ ਅਨੁਵਾਦ ਦੁਆਰਾ ਉੱਨਤ ਹੁੰਦਾ ਹੈ। ਪੂਰਨ ਸਿੰਘ ਅਨੁਸਾਰ ਚੰਗਾ ਸਾਹਿਤ ਤਾਂ ਮਹਾਤਮਾ ਲੋਕਾਂ ਦੇ ਸਹਿਜ ਸੁਭਾ ਬੋਲੇ ਅੰਮ੍ਰਿਤ ਬਚਨਾਂ ਵਿਚ ਪਿਆ ਹੁੰਦਾ ਹੈ। ਅਧਿਆਤਮਕ ਸਾਹਿਤ ਦੇ ਨਾਲ-ਨਾਲ ਉਹ ਰੁਮਾਂਟਿਕ ਅਤੇ ਪ੍ਰਗੀਤਕ ਸਾਹਿਤ ਨੂੰ ਵੀ ਮਹਾਨ ਮੰਨਦਾ ਹੈ।

ਪੂਰਨ ਸਿੰਘ ਨੇ ਆਪਣੇ ਇੱਕ ਹੋਰ ਲੇਖ 'ਆਰਟ' ਵਿਚ ਸਾਹਿਤ ਦੇ ਹੇਤੂਆਂ, ਇਸ ਦੀ ਪ੍ਰੇਰਕ ਸ਼ਕਤੀ ਅਤੇ ਪ੍ਰਕਿਰਤੀ ਬਾਰੇ ਭਰਪੂਰ ਚਰਚਾ ਕੀਤੀ ਹੈ। ਇਸ ਲੇਖ ਵਿਚ ਉਸਨੇ ਬੌਧ ਮਤ ਅਤੇ ਜਾਪਾਨ ਦੇ ਹਵਾਲੇ ਨਾਲ

ਆਪਣੇ ਸਾਹਿਤ ਸਿਧਾਂਤ ਪੇਸ਼ ਕੀਤੇ ਹਨ। ਕਲਾ ਦੇ ਸਰੂਪ ਬਾਰੇ ਆਪਣੀਆਂ ਧਾਰਨਾਵਾਂ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਉਤਕ੍ਰਿਸ਼ਟ ਕਲਾ ਦੀ ਸਿਰਜਣਾ ਲਈ ਕਲਾਕਾਰ ਦੇ ਮਨ ਵਿੱਚ ਨਾਸ਼ਕ ਉਦਾਸੀ ਨਹੀਂ ਹੋਣੀ ਚਾਹੀਦੀ ਹੈ। ਆਦਰਸ਼ੀ ਕਲਾ ਜੀਵਨ ਵਿਚੋਂ ਪੈਦਾ ਹੁੰਦੀ ਹੈ ਅਤੇ ਜਿਨ੍ਹਾਂ ਦੇਸ਼ਾਂ ਵਿੱਚ ਜੀਵਨ ਪ੍ਰਤੀ ਨਫਰਤ (ਉਦਾਸੀਆਂ) ਵਿਖਾਈ ਜਾਂਦੀ ਹੈ, ਉੱਥੇ ਕਲਾ ਦੀ ਜਨਮ ਨਹੀਂ ਲੈ ਸਕਦੀ।

ਪੰਜਾਬੀ ਸਾਹਿਤ ਦੀ ਮਹਿਮਾ ਅਤੇ ਸਫਲਤਾ ਬਾਰੇ ਆਪਣੇ ਮੱਤ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਇਕੱਠਾ ਰਹਿ ਜਾ ਨਾ ਰਹੇ ਇਸ ਨੂੰ ਮੱਤ ਜਾਣਨਾ ਸਾਡੇ, ਪੰਜਾਬੀ ਸਾਹਿਤ ਸਫਲ ਹੈ ਅਤੇ ਸਫਲ ਰਹੇਗਾ।

(ਖ) ਰਾਜਨੀਤੀ :→ ਬੇਸ਼ੱਕ ਪ੍ਰੋ. ਪੂਰਨ ਸਿੰਘ ਇੱਕ ਰੂਹਾਨੀ ਪ੍ਰੇਮੀ ਹੈ ਪਰ ਉਸਨੇ ਆਪਣੇ ਵਕਤ ਦੀ ਰਾਜਨੀਤੀ ਬਾਰੇ ਵੀ ਲਿਖਿਆ ਹੈ। 'ਵੰਡ ਤੇ ਪਾਲੀਟਿਕਸ' ਵਿੱਚ ਉਹ ਆਪਣੇ ਸਮਾਜਿਕ ਅਤੇ ਰਾਜਨੀਤਿਕ ਪ੍ਰਬੰਧ ਵਿੱਚ ਵੰਡ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਉਹ ਲਿਖਦਾ ਹੈ ਕਿ ਅਜੋਕਾ ਨਿਜ਼ਾਮ ਪੈਸੇ ਦੇ ਕੁਸ਼ਲ ਪ੍ਰਬੰਧ ਉੱਪਰ ਟਿਕਿਆ ਹੋਇਆ ਹੈ। ਸਰਤ ਪਰਿਸ਼ਾ ਉਹ ਇਹ ਸਪਸ਼ਟ ਕਰਦਾ ਹੈ ਕਿ ਹਰ ਘਰ ਪਰਿਵਾਰ ਵਿੱਚ ਨੌਕਰੀ ਅਤੇ ਸਰਦੇ ਸਿਖ ਕੇ ਪੈਸੇ ਦਾ ਪ੍ਰਬੰਧ ਕਰਦੇ ਹਨ ਸਾਰੇ ਬਾਹਰ ਖੇਤਾਂ ਵਿੱਚ ਕੰਮ ਕਰਕੇ ਧਨ ਕਮਾਉਂਦੇ ਹਨ ਤਾਂ ਇਸਤਰੀ ਘਰੇਲੂ ਕੰਮ ਕਰਦੀ ਬਹੁਤ ਸਾਰਾ ਧਨ ਬਚਾ ਲੈਂਦੀ ਹੈ। ਇਸ ਲਈ ਇਸਤਰੀ ਨੂੰ ਨਿਖੱਟੂ ਨਹੀਂ ਸਮਝਣਾ ਚਾਹੀਦਾ।

ਸੰਖੇਪ ਵਿੱਚ ਬਾਦਸ਼ਾਹ ਲੋਕ ਆਪਣੇ ਆਪ ਨੂੰ ਸਾਰੇ ਰਾਜ ਦੀ ਜ਼ਮੀਨ ਜਾਇਦਾਦ ਦੇ ਸੁਆਮੀ ਸਮਝਦੇ ਸਨ। ਉਹ ਕਦੀ ਵੀ ਕੰਮ ਨਾ ਕਰਨ ਦੇ ਬਾਵਜੂਦ ਆਪਣੀ ਪਰਜਾ ਵਲੋਂ ਕੀਤੇ ਜਾਣ ਵਾਲੇ ਕੰਮ ਉੱਪਰ ਐਸ਼ ਕਰਦੇ ਸਨ। ਪਰ ਆਧੁਨਿਕ ਯੁੱਗ ਵਿੱਚ ਲੋਕ

ਨਾਲਿਆਂ ਦੀ ਥਾਂ ਛੱਲੀਆਂ ਨਦੀਆਂ ਸਾਗਰਾਂ ਨੂੰ ਦੇ ਦਿੱਤੀ ਹੈ। ਹੁਣ ਪਰਜਾ ਆਪਣੀ ਵੋਟ ਦੇ ਬਦਲੇ ਵਿਚ ਸਰਕਾਰ ਤੋਂ ਪੈਸੇ। ਪੈਸੇ ਦਾ ਹਿਸਾਬ ਮੰਗਣ ਲੱਗ ਪਈ ਹੈ। ਹੁਣ ਜਿੱਤ ਵੋਟ ਦੀ ਹੋਣ ਤੱਕ ਹਰ ਆਦਮੀ ਬਾਦਸ਼ਾਹ ਹੈ। ਵੋਟ ਪਾਉਣ ਸਮੇਂ ਉਸਨੇ ਆਪਣੀ ਬਾਦਸ਼ਾਹੀ ਕਰਨ ਦੀ ਵਿਰਾਸਤ ਸੌਂਪਣੀ ਹੈ। ਇਸ ਤਰ੍ਹਾਂ ਅਜਿਹੇ ਸਮੇਂ ਵਿੱਚ ਹਰ ਆਦਮੀ ਆਪਣੇ ਸੁੱਖ-ਦੁੱਖ ਦਾ ਆਪ ਜ਼ਿੰਮੇਵਾਰ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ 'ਖੁੱਲ੍ਹੇ ਲੇਖ' ਵਿੱਚ ਪ੍ਰੋ. ਪੂਰਨ ਸਿੰਘ ਨੇ ਆਪਣੇ ਅਨੁਭਵ ਦਾ ਪ੍ਰਕਾਸ਼ ਬੜੇ ਸਹਿਜ ਅਤੇ ਸਫਲ ਢੰਗ ਨਾਲ ਕੀਤਾ ਹੈ। ਉਹ ਅਧਿਆਤਮਵਾਦੀ ਫਲਸਫੇ ਦਾ ਧਾਰਨੀ ਹੈ। ਉਸ ਵਾਸਤੇ ਜਿਸਮਾਨੀ ਯਾਪਤੀਆਂ ਦੀ ਬਜਾਇ ਰੂਹਾਨੀ ਉਪਲਬਧੀਆਂ ਵਧੇਰੇ ਮਹੱਤਵਪੂਰਨ ਅਤੇ ਜ਼ਰੂਰੀ ਹਨ। ਵਿਸ਼ਵ ਸਾਹਿਤ ਅਤੇ ਸੱਭਿਆਚਾਰ ਦਾ ਗੰਭੀਰ ਮੁਤਾਲਿਆ ਕੀਤਾ ਹੋਣ ਕਰਕੇ ਉਹ ਦੇਸ਼ ਵਿਦੇਸ਼ ਦੇ ਹਵਾਲਿਆਂ ਨਾਲ ਆਪਣੇ ਲੇਖਾਂ ਨੂੰ ਸ਼ਿੰਗਾਰਦਾ ਅਤੇ ਉਸਾਰਦਾ ਹੈ। ਉਹ ਆਪਣੇ ਸਾਹਿਤ, ਸਮਾਜ, ਦੇਸ਼ ਅਤੇ ਸੱਭਿਆਚਾਰ ਨੂੰ ਪ੍ਰੇਮ ਕਰਨ ਵਾਲਾ ਇੱਕ ਸੱਚਾ ਪੁਰਸ਼ ਸੀ। ਉਹ ਇੱਕ ਮੌਲਿਕ ਅਤੇ ਰੈਡੀਕਲ ਚਿੰਤਕ ਸੀ ਅਤੇ 'ਖੁੱਲ੍ਹੇ ਲੇਖ' ਉਸਦੇ ਅਮੀਰ ਚਿੰਤਨ ਦੀ ਪ੍ਰਮਾਣਿਕ ਗਵਾਹੀ ਭਰਦੇ ਹਨ।